# KHALSA PRIMARY SCHOOL

Headteacher: Ms P. K. Sehmi

Volume 6
Issue 21


## Week beginning: 09 March 2015

### Red Nose Day

On **Thursday 12th March** we will be raising money for Red Nose day. We would like all staff and children to wear one item of **red clothing** (socks, t-shirt, patka, jumper, scarf or gloves – the rest **must** be school uniform) and donate a minimum of £1. **in the case of children not wearing uniform, parents will be contacted to bring in the uniform.**

### Parents' Meetings

On **Tuesday 17th and Thursday 19th March from 2.30pm to 5.00pm**, there will be an opportunity for you to meet with your child's teacher and discuss progress made by your child. Teachers will discuss targets that have been set for your child. Please sign up on the sheets in the classrooms (Nursery, Reception & Year 1) or office area (Years 2-5) for a suitable time. **Note: school will finish at normal time of 3.20pm (3.30pm for Nursery) on these days.**
**Mrs Jatana's class parents' meetings will be held on Monday 16th, instead of Tuesday 17th March.**

### Year 1 Phonics Screening Check



Thank you to all parents that attended the Phonics meeting on Wednesday 4th March. The information provided will enable you to support your child at home. If you have any further questions please do not hesitate to speak to your child's class teacher.

### Collecting children & Authorisation

Please note that we cannot accept last minute phone calls to authorise collection of your child to any individual who does not appear on the collection list. **We will not send your child home with anyone who has not been authorised.**

### Dropping off children

For the safety of your child, it is a requirement that all children are accompanied by parents/carers to the school grounds. Please remain with your child until staff are in the playground to collect the children. **Please do not drop your child off at the pedestrian gates.**

### Thought of the week

**"What you think of yourself is more important than what others think of you."**

### Dates for your diary



| Date | Event |
|---|---|
| **Tuesday 10th March** | **School Nurse drop in session** |
| **Thursday 12th March** | **Red Nose Day** |
| **Thursday 12th March** | **Yr 4 – Guru Arjan Dev Ji – Miss Jutla's Class Assembly** |
| **Friday 13th March** | **Yr 4 Trip - British Museum** |
| Tuesday 17th & Thursday 19th March | Parents' meetings – pupil progress |
| w/b 23rd March | Art Week |
| Friday 20th March | Yr 4 – Guru Hargobind Sahib Ji – Mrs Jatana's Class Assembly |
| Friday 27th March | Yr 3 – Guru Ram Das Ji – Mrs Bhagrath's Class Assembly |
| Friday 27th March | End of Spring term – last day |

### Extended Holiday Leave

A number of parents have requested leave during term time. Please remember to use school holidays to book your holidays as extended leave will not be granted. If a parent decides to take unauthorised leave, a penalty fine will be issued, minimum £60, by the Local Authority.

### Medications

We would like to remind parents that if your child has medications in school for Asthma, Eczema or any other conditions, it is the parents' responsibility to ensure that all medications are in date. Miss S Kaur has contacted parents to provide new medication that has expired. Please make a note of expiry dates for the future.

### Harrison's School Lunch Payments

If your child is in year 3, 4 or 5 and is having a school lunch, and is not eligible for free school meals, please ensure you correctly fill in the brown envelope provided and pay the correct amount. **There are many parents with outstanding payments. If you are in debt of £22 or more, your child will not be given a school lunch until your debt has been cleared. You will be asked to provide a packed lunch in the mean time.**

### Vaisakhi Celebrations

We will also be changing the Nishaan Sahib chaula (cloth) during our Vaisakhi celebrations on Friday 1st May. We have found a place that will make the Nishaan Sahib Chaula for us. Money donations towards buying and making the Nishaan Sahib chaula are welcome. Please give donations to the staff in the school office.

### Vaisakhi Southall Nagar Kirtan



This year's Southall Vaisakhi Nagar Kirtan will be on **Sunday 12th April**. We will be taking part and hope that you will all join us to represent the school. If you and your child would like to join us, kindly put your child's name down on the list in the school office by Friday 27th March.

### ATTENDANCE



Well done to **Guru Hargobind Sahib Ji & Guru Amar Das Ji's Classes** for achieving best attendance for week ending **06/03/2015**.

### GOLDEN RULES

This week's Golden Rule is **'Working Hard.'**
Children who were awarded for **Remembering God** for week ending **06/03/2015:**







**Year 5:**
Guru Har Krishan Sahib Ji - Jatvinder
Guru Har Rai Sahib Ji - Gurkirat

**Year 4:**
Guru Hargobind Sahib Ji - Rajneet
Guru Arjan Dev Ji - Amrita

**Year 3:**
Guru Ram Das Ji - Jasveen
Guru Amar Das Ji – Inderpreet

**Year 2:**
Guru Nanak Dev Ji - Karanpreet
Guru Angad Dev Ji - Jasveen

**Year 1:**
Sahibzada Ajit Singh Ji - Jasneet
Sahibzada Jujhar Singh Ji - Gurjot M

**Reception:**
Sahibzada Fateh Singh Ji - Arjun
Sahibzada Zorawar Singh Ji - Urmeet

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੦੯ ਮਾਰਚ ੨੦੧੫

ਵਾਲਿਓਮ ੬, ਇਸ਼ੂ ੨੧

### ਲਾਲ ਨੱਕ ਦਿਵਸ

ਵੀਰਵਾਰ ੧੨ ਮਾਰਚ ਨੂੰ ਅਸੀਂ ਲਾਲ ਨੱਕ ਦਿਵਸ ਲਈ ਧਨ ਇਕਤਰ ਕਰਾਂਗੇ।ਬੱਚਿਆਂ ਨੂੰ ਆਪਣੀ ਮਰਜ਼ੀ ਦੇ ਕਪੜੇ ਪਹਿਨਣ ਦੀ ਆਗਿਆ ਹੋਵੇਗੀ।ਅਸੀਂ ਚਾਹਾਂਗੇ ਕਿ ਇਸ ਦਿਨ ਸਭ ਬੱਚੇ ਅਤੇ ਸਟਾਫ਼ ਕੋਈ ਇਕ ਵਸਤੂ (ਜੁਰਾਬਾਂ, ਟੀ-ਸ਼ਰਟ, ਸਕਾਰਫ਼ ਜਾਂ ਦਸਤਾਨੇ) ਲਾਲ ਰੰਗ ਦੀ ਪਹਿਨ ਕੇ ਆਉਣ ਅਤੇ ੧ ਪਾਊਂਡ ਦੀ ਭੇਟਾ ਵੀ ਦੇਣ।ਜੇਕਰ ਬੱਚੇ ਸਕੂਲੀ ਵਰਦੀ ਪਹਿਨ ਕੇ ਨਾ ਆਏ ਤਾਂ ਉਨ੍ਹਾਂ ਦੇ ਮਾਪਿਆਂ ਨੂੰ ਸੰਪਰਕ ਕਰਕੇ ਸਕੂਲੀ ਵਰਦੀ ਲਿਆਉਣ ਲਈ ਕਿਹਾ ਜਾਵੇਗਾ।

### ਮਾਪਿਆਂ ਦੀ ਮੁਲਾਕਾਤ

ਮੰਗਲਵਾਰ ੧੭ ਅਤੇ ਵੀਰਵਾਰ ੧੯ ਮਾਰਚ ਨੂੰ ਦੁਪਿਹਰ ੨.੩੦ ਤੋਂ ੫.੦੦ ਵਜੇ ਤੱਕ ਤੁਹਾਨੂੰ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲ ਕੇ ਉਸ ਦੇ ਵਿਕਾਸ ਬਾਰੇ ਵਿਚਾਰ ਕਰਨ ਦਾ ਮੌਕਾ ਦਿੱਤਾ ਜਾਵੇਗਾ।ਤੁਹਾਡੇ ਬੱਚੇ ਦੇ ਲਈ ਨਿਸਚਿਤ ਕੀਤੇ ਵਿਸ਼ੇਸ਼ ਟੀਚੇ (ਟਾਰਗੇਟਸ) ਵੀ ਆਪ ਜੀ ਨਾਲ ਸਾਂਝੇ ਕੀਤੇ ਜਾਣਗੇ।ਜੇਕਰ ਆਪ ਜੀ ਨੇ ਹਾਲੇ ਤੱਕ ਨਹੀਂ ਕੀਤੇ ਤਾਂ ਤੁਸੀਂ ਕਿਰਪਾ ਕਰਕੇ ਢੁਕਵੇਂ ਸਮੇਂ ਅੱਗੇ ਹੁਣ ਦਸਤਖ਼ਤ ਕਰਨੇ ਜੀ।ਨਰਸਰੀ, ਰਿਸੈਪਸ਼ਨ ਅਤੇ ਪਹਿਲੀ ਜਮਾਤ, ਜਮਾਤੀ ਕਮਰਿਆਂ ਵਿਚ ਅਤੇ ਦੂਜੀ ਤੋਂ ਪੰਜਵੀ ਜਮਾਤ ਸਕੂਲ ਦੇ ਰਿਸੈਪਸ਼ਨ ਵਿਚ ਲੱਗੀ ਸ਼ੀਟ ਤੇ ਦਸਤਖ਼ਤ ਕਰ ਸਕਦੇ ਹਨ ਜੀ। **ਨੋਟ: ਸਕੂਲ ਰੋਜ਼ ਵਾਂਗ ੩.੨੦ (ਨਰਸਰੀ ੩.੩੦ ਤੇ) ਤੇ ਖ਼ਤਮ ਹੋਵੇਗਾ।**

**ਮਿਸਿਜ਼ ਜਟਾਨਾ ਦੀ ਜਮਾਤ ਦੇ ਬੱਚਿਆਂ ਦੇ ਮਾਪਿਆਂ ਦੀ ਮੁਲਾਕਾਤ ਮੰਗਲਵਾਰ ੧੭ ਮਾਰਚ ਦੀ ਥਾਂ ਸੋਮਵਾਰ ੧੬ ਮਾਰਚ ਨੂੰ ਦੁਪਿਹਰ ੨.੩੦ ਤੇ ਹੋਵੇਗੀ।**

### ਪਹਿਲੀ ਜਮਾਤ ਦੇ ਧੁਨੀ ਸ਼ਾਸਤਰ ਦੀ ਪ੍ਰੀਖਿਆ (ਫੋਨਿਕਸ ਚੈੱਕ)




ਬੁੱਧਵਾਰ ੪ ਮਾਰਚ ਨੂੰ ਜਿਹੜੇ ਮਾਪਿਆਂ ਨੇ ਫੋਨਿਕਸ ਮੁਲਾਕਾਤ ਵਿਚ ਭਾਗ ਲਿਆ ਉਨ੍ਹਾਂ ਦਾ ਬਹੁਤ ਧਨਵਾਦ ਹੈ।ਇਸ ਮੁਲਾਕਾਤ ਵਿਚੋਂ ਮਿਲੀ ਜਾਣਕਾਰੀ ਰਾਹੀਂ ਹੁਣ ਤੁਸੀਂ ਆਪਣੇ ਬੱਚੇ ਦੀ ਘਰ ਵਿਚ ਇਸ ਪ੍ਰੀਖਿਆ ਦੀ ਤਿਆਰੀ ਵਿਚ ਮਦਦ ਕਰ ਸਕੋਗੇ।ਜੇਕਰ ਤੁਹਾਡੇ ਮਨ ਵਿਚ ਹਾਲੇ ਵੀ ਕੁਝ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰਨ ਤੋਂ ਝਿਜਕਣਾ ਨਾ।

### ਬਚਿੱਆਂ ਨੂੰ ਲਿਆਉਣ ਅਤੇ ਲਿਜਾਣ ਦਾ ਅਧਿਕਾਰ

ਕਿਰਪਾ ਕਰਕੇ ਨੋਟ ਕਰਨਾ ਕਿ ਸਕੂਲ ਦੀ ਛੁੱਟੀ ਦੇ ਨਜ਼ਦੀਕੀ ਸਮੇਂ ਤੁਹਾਡੀ ਟੈਲੀਫੋਨ ਕਾਲ ਦੇ ਆਧਾਰ ਤੇ ਅਸੀਂ ਕਿਸੇ ਅਜਿਹੇ ਵਿਅਕਤੀ ਦੇ ਨਾਲ ਤੁਹਾਡੇ ਬੱਚੇ ਨੂੰ ਨਹੀਂ ਭੇਜ ਸਕਦੇ ਜਿਸ ਦਾ ਨਾਂ ਬੱਚੇ ਨੂੰ ਲਿਜਾਣ ਵਾਲੀ ਲਿਸਟ ਵਿਚ ਨਾ ਹੋਵੇ। **ਬਿਨਾ ਅਧਿਕਾਰਿਤ ਵਿਅਕਤੀ ਦੇ ਨਾਲ ਅਸੀਂ ਤੁਹਾਡੇ ਬੱਚੇ ਨੂੰ ਘਰ ਨਹੀਂ ਭੇਜਾਂਗੇ।**

### ਬੱਚਿਆਂ ਨੂੰ ਛੱਡਣਾ

ਤੁਹਾਡੇ ਬੱਚਿਆਂ ਦੀ ਸੁਰਖਿਆ ਲਈ ਇਹ ਲਾਜ਼ਮੀ ਹੈ ਕਿ ਮਾਪੇ/ ਦੇਖਭਾਲ ਕਰਤਾ ਸਕੂਲ ਦੇ ਮੈਦਾਨ ਤੱਕ ਉਨ੍ਹਾਂ ਦੇ ਨਾਲ ਰਹਿਣ।ਕਿਰਪਾ ਕਰਕੇ ਉਦੋਂ ਤੱਕ ਬੱਚਿਆਂ ਦੇ ਨਾਲ ਰਹਿਣਾ ਜਦੋਂ ਤੱਕ ਕਿ ਸਟਾਫ਼ ਉਨ੍ਹਾਂ ਨੂੰ ਲੈਣ ਲਈ ਖੇਡ ਦੇ ਮੈਦਾਨ ਵਿਚ ਨਾ ਪਹੁੰਚ ਜਾਣ। **ਕਿਰਪਾ ਕਰਕੇ ਬੱਚੇ ਨੂੰ ਪੈਦਲ ਲਾਂਘੇ ਵਾਲੇ ਗੇਟ ਉੱਤੇ ਨਾ ਛੱਡਣਾ।**

### ਇਸ ਹਫ਼ਤੇ ਦਾ ਵਿਚਾਰ

"ਤੁਸੀਂ ਆਪਣੇ ਬਾਰੇ ਕੀ ਸੋਚਦੇ ਹੋ, ਇਹ ਇਸ ਨਾਲੋਂ ਵੱਧ ਮਹਤਵਪੂਰਨ ਹੈ ਕਿ ਦੂਜੇ ਤੁਹਾਡੇ ਬਾਰੇ ਕੀ ਸੋਚਦੇ ਹਨ। ।"

### ਡਾਇਰੀ ਲਈ ਤਾਰੀਖ਼ਾਂ

PUT THIS on YOUR CALENDAR!

| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| **੯ ਮਾਰਚ ਤੋਂ ਅਰੰਭ ਹੁੰਦਾ ਹਫ਼ਤਾ** | **ਕਲਾ ਦਾ ਹਫ਼ਤਾ** |
| **ਮੰਗਲਵਾਰ ੧੦ ਮਾਰਚ** | **ਸਕੂਲ ਨਰਸ ਦੀ ਸਕੂਲ ਫੇਰੀ** |
| **ਮੰਗਲਵਾਰ ੧੦ ਮਾਰਚ** | **ਰੈਡ ਨੋਜ਼ ਡੇ** |
| **ਵੀਰਵਾਰ ੧੨ ਮਾਰਚ** | **੪ਥੀ ਜਮਾਤ-ਗੁਰੂ ਅਰਜਨ ਦੇਵ ਜੀ -ਮਿਸ ਜਟਲਾ ਦੀ ਜਮਾਤੀ ਸਭਾ** |
| ਸ਼ੁਕਰਵਾਰ ੧੩ ਮਾਰਚ | ੪ਥੀ ਜਮਾਤ ਦੀ ਸੈਰ-ਬ੍ਰਿਟਿਸ਼ ਅਜਾਇਬ ਘਰ |
| ਮੰਗਲਵਾਰ ੧੭ ਅਤੇ ਵੀਰਵਾਰ ੧੯ ਮਾਰਚ ੨੦੧੫ | ਮਾਪਿਆਂ ਦੀ ਮੁਲਾਕਾਤ-ਵਿਦਿਆਰਥੀ ਵਿਕਾਸ |
| ਸ਼ੁਕਰਵਾਰ ੨੦ ਮਾਰਚ ੨੦੧੫ | ੪ਥੀ ਜਮਾਤ-ਗੁਰੂ ਹਰਗੋਬਿੰਦ ਸਾਹਿਬ ਜੀ -ਮਿਸ ਜਟਾਨਾ ਦੀ ਜਮਾਤੀ ਸਭਾ |
| ਸ਼ੁਕਰਵਾਰ ੨੭ ਮਾਰਚ ੨੦੧੫ | ੩ੀਜੀ ਜਮਾਤ-ਗੁਰੂ ਰਾਮਦਾਸ ਜੀ -ਮਿਸਿਜ਼ ਭਾਗਰਥ ਦੀ ਜਮਾਤੀ ਸਭਾ |
| ਸ਼ੁਕਰਵਾਰ ੨੭ ਮਾਰਚ ੨੦੧੫ | ਬਹਾਰ ਦੀ ਟਰਮ ਦੀ ਸਮਾਪਤੀ - ਆਖ਼ਰੀ ਦਿਨ |

### ਵਧੀਕ ਛੁਟੀ ਲਈ ਬੇਨਤੀ

ਕਈ ਮਾਪਿਆਂ ਨੇ ਪੜਾਈ ਦੀ ਟਰਮ ਦੇ ਦੌਰਾਨ ਛੁਟੀ ਦੀ ਮੰਗ ਕੀਤੀ ਹੈ।ਕਿਰਪਾ ਕਰਕੇ ਨੋਟ ਕਰਨਾ ਕਿ ਆਪਣੀਆਂ ਛੁੱਟੀਆਂ ਸਕੂਲੀ ਛੁੱਟੀਆਂ ਦੇ ਸਮੇਂ ਹੀ ਲੈਣਾ ਜੀ ਕਿਉਂਕਿ ਪੜਾਈ ਦੀ ਟਰਮ ਦੇ ਦੌਰਾਨ ਛੁੱਟੀ ਮਨਜ਼ੂਰ ਨਹੀਂ ਕੀਤੀ ਜਾਵੇਗੀ।ਜੇਕਰ ਕੋਈ ਮਾਪੇ ਅਣਅਧਿਕਾਰਿਤ ਛੁੱਟੀ ਲੈਣਗੇ ਤਾਂ ਲੋਕਲ ਅਥਾਰਿਟੀ ਵਲੋਂ ਉਨ੍ਹਾਂ ਨੂੰ ਘੱਟੋ-ਘੱਟ ੬੦ ਪਾਊਂਡ ਦਾ ਪੈਨਲਟੀ ਜੁਰਮਾਨਾ ਲਗਾਇਆ ਜਾਵੇਗਾ।

### ਦਵਾਈਆਂ

ਅਸੀਂ ਮਾਪਿਆਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਜੇਕਰ ਤੁਹਾਡੇ ਬੱਚੇ ਦੀ ਅਸਥਮਾ, ਐਗਜ਼ੀਮਾ ਜਾਂ ਕੋਈ ਹੋਰ ਸਿਹਤ ਸਮਸਿਆ ਹੈ ਤਾਂ ਉਸਦੀ ਦਵਾਈ ਦੀ ਮਿਆਦ ਚੈੱਕ ਕਰਕੇ ਭੇਜਣਾ ਜੀ ਅਤੇ ਮਿਆਦ ਮੁਕਣ ਤੋਂ ਪਹਿਲਾਂ ਨਵੀਂ ਦਵਾਈ ਸਕੂਲ ਦਫ਼ਤਰ ਵਿਚ ਪਹੁੰਚਾਉਣਾ ਆਪ ਦੀ ਜ਼ਿੰਮੇਵਾਰੀ ਹੈ।ਮਿਸ ਸ. ਕੌਰ ਨੇ ਉਨ੍ਹਾਂ ਮਾਪਿਆਂ ਨਾਲ ਸੰਪਰਕ ਕੀਤਾ ਹੈ ਜਿਨ੍ਹਾਂ ਦੇ ਬੱਚਿਆਂ ਦੀਆਂ ਦਵਾਈਆਂ ਦੀ ਮਿਆਦ ਮੁੱਕ ਚੁਕੀ ਹੈ।ਕਿਰਪਾ ਕਰਕੇ ਭਵਿਖ ਵਿਚ ਆਪਣੇ ਬੱਚੇ ਦੀ ਦਵਾਈ ਦੀ ਮਿਆਦ ਮੁਕਣ ਦੀ ਤਾਰੀਖ ਲਾਜ਼ਮੀ ਨੋਟ ਕਰਕੇ ਰਖਣੀ ਜੀ।

### ਹੈਰੀਸਨ ਸਕੂਲੀ ਭੋਜਨ ਲਈ ਅਦਾਇਗੀ

ਜੇਕਰ ਤੁਹਾਡਾ ਬੱਚਾ ੩ਜੀ, ੪ਥੀ ਜਾਂ ਪੰਜਵੀਂ ਜਮਾਤ ਵਿਚ ਪੜਦਾ ਹੈ ਅਤੇ ਸਕੂਲੀ ਭੋਜਨ ਕਰਦਾ ਹੈ ਤਾਂ ਤੁਹਾਡੇ ਲਈ ਭੂਰਾ ਲਿਫ਼ਾਫ਼ਾ ਠੀਕ ਧਨ ਸਮੇਤ ਭਰਨਾ, ਅਤੇ ਪੂਰਾ ਫਾਰਮ ਭਰਨਾ ਬਹੁਤ ਜ਼ਰੂਰੀ ਹੈ। **ਕਈ ਮਾਪੇ ਹਨ ਜਿਨ੍ਹਾਂ ਦਾ ਕਾਫੀ ਸਾਰਾ ਪਿਛਲਾ ਬਕਾਇਆ ਹੈ।ਜੇਕਰ ਤੁਹਾਡਾ ਬਕਾਇਆ ੨੨ ਪਾਊਂਡ ਜਾਂ ਇਸ ਤੋਂ ਵੱਧ ਹੋ ਜਾਵੇ ਤਾਂ ਤੁਹਾਡੇ ਬੱਚੇ ਨੂੰ ਸਕੂਲੀ ਭੋਜਨ ਨਹੀਂ ਦਿੱਤਾ ਜਾਵੇਗਾ ਅਤੇ ਜਦੋਂ ਤੱਕ ਤੁਸੀਂ ਇਹ ਬਕਾਇਆ ਨਹੀਂ ਅਦਾ ਕਰ ਦਿੰਦੇ ਉਦੋਂ ਤੱਕ ਤੁਹਾਨੂੰ ਆਪਣੇ ਬੱਚੇ ਲਈ ਘਰੋਂ ਭੋਜਨ ਲਿਆਉਣ ਲਈ ਕਿਹਾ ਜਾਵੇਗਾ।**

### ਵਿਸਾਖੀ ਦੇ ਸਮਾਗਮ

ਅਸੀ ਸ਼ੁਕਰਵਾਰ ੧ ਮਈ ਨੂੰ ਵਿਸਾਖੀ ਦੇ ਸਮਾਗਮਾਂ ਦੌਰਾਨ ਨਿਸ਼ਾਨ ਸਾਹਿਬ ਦਾ ਚੋਲਾ ਵੀ ਬਦਲਾਂਗੇ।ਅਸੀਂ ਨਿਸ਼ਾਨ ਸਾਹਿਬ ਦਾ ਚੋਲਾ ਵੀ ਨਵਾਂ ਚੜਾਵਾਂਗੇ।ਅਸੀਂ ਉਹ ਥਾਂ ਲੱਭ ਲਈ ਹੈ ਜਿਥੇ ਕਿ ਨਿਸ਼ਾਨ ਸਾਹਿਬ ਦਾ ਚੋਲਾ ਸਾਹਿਬ ਸੀਤੇ ਜਾ ਸਕਦੇ ਹਨ।ਇਸ ਲਈ ਧਨ ਦੀ ਸੇਵਾ ਕਰਨ ਦੇ ਇਛੁਕ ਮਾਪੇ ਸਕੂਲ ਦਫ਼ਤਰ ਨੂੰ ਜਾਣਕਾਰੀ ਦੇਣਾ ਜੀ।ਭੇਟਾ ਦੀ ਸੇਵਾ ਜੀ ਆਇਆਂ ਹੈ।

### ਸਾਊਥਾਲ ਵਿਚ ਵਿਸਾਖੀ ਨਗਰ ਕੀਰਤਨ



ਇਸ ਸਾਲ ਸਾਊਥਾਲ ਵਿਚ ਵਿਸਾਖੀ ਨਗਰ ਕੀਰਤਨ ਐਤਵਾਰ ੧੨ ਅਪਰੈਲ ਨੂੰ ਹੋਵੇਗਾ।ਅਸੀਂ ਇਸ ਵਿਚ ਭਾਗ ਲਵਾਂਗੇ ਅਤੇ ਉਮੀਦ ਕਰਦੇ ਹਾਂ ਕਿ ਤੁਸੀਂ ਵੀ ਸਕੂਲ ਦੀ ਪ੍ਰਤੀਨਿਧਤਾ ਕਰਨ ਲਈ ਸਾਡਾ ਸਾਥ ਦਿਓਗੇ।ਬੱਚਿਆਂ ਨੇ ਸਕੂਲੀ ਵਰਦੀ ਪਹਿਨਣੀ ਹੋਵੇਗੀ।ਜੇਕਰ ਆਪ ਜੀ ਅਤੇ ਆਪਦੇ ਬੱਚੇ ਨੇ ਇਸ ਨਗਰ ਕੀਰਤਨ ਵਿਚ ਸਾਡੇ ਨਾਲ ਸ਼ਾਮਿਲ ਹੋਣਾ ਹੈ ਤਾਂ ਕਿਰਪਾ ਕਰਕੇ ਆਪਣੇ ਬੱਚੇ ਦਾ ਨਾਮ ਸਕੂਲ ਦਫ਼ਤਰ ਵਿਚਲੀ ਸੂਚੀ ਉੱਤੇ ਸ਼ੁਕਰਵਾਰ ੨੭ ਮਾਰਚ ਤੱਕ ਲਿਖਣਾ ਜੀ।

### ਹਾਜ਼ਰੀ



੦੬/੦੩/੧੫ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਅਮਰਦਾਸ ਜੀ ਜਮਾਤਾਂ** ਨੂੰ ਸ਼ਾਬਾਸ਼ ਹੈ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਕਿਰਤ ਕਰਨ** ਹੈ। ਬੱਚੇ ਜਿਨ੍ਹਾਂ ਨੂੰ ੦੬/੦੩/੨੦੧੫ ਨੂੰ ਸਮਾਪਤ ਹੋਏ ਹਫ਼ਤੇ **ਨਾਮ ਜਪਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:







**ਪੰਜਵੀ ਜਮਾਤ:**
ਗੁਰੂ ਹਰਕ੍ਰਿਸ਼ਨ ਸਾਹਿਬ ਜੀ - ਜਤਵਿੰਦਰ
ਗੁਰੂ ਹਰਰਾਏ ਸਾਹਿਬ ਜੀ - ਗੁਰਕੀਰਤ

**ਚੋਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ - ਰਜਨੀਤ
ਗੁਰੂ ਅਰਜਨ ਦੇਵ ਜੀ - ਅੰਮ੍ਰਿਤਾ

**ਤੀਜੀ ਜਮਾਤ:**
ਗੁਰੂ ਰਾਮਦਾਸ ਜੀ - ਜਸਵੀਨ
ਗੁਰੂ ਅਮਰਦਾਸ ਜੀ - ਇੰਦਰਪ੍ਰੀਤ

**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ - ਕਰਨਪ੍ਰੀਤ
ਗੁਰੂ ਅੰਗਦ ਦੇਵ ਜੀ - ਜਸਵੀਨ

**ਪਹਿਲੀ ਜਮਾਤ:**
ਸ਼ਾਹਿਬਜ਼ਾਦਾ ਅਜੀਤ ਸਿੰਘ ਜੀ - ਜਸਨੀਤ
ਸ਼ਾਹਿਬਜ਼ਾਦਾ ਜੁਝਾਰ ਸਿੰਘ ਜੀ - ਗੁਰਜੋਤ ਮੋਰ

**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ - ਅਰਜੁਨ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ - ਉਰਮੀਤ

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk